# ਪੰਜਾਬ ਵਿਧਾਨ ਸਭਾ ਸਕੱਤਰੇਤ

# ਕੁਟੇਸ਼ਨਾ ਮੰਗਵਾਉਣ ਸਬੰਧੀ ਨੋਟਿਸ

**ਪੰਜਾਬ ਵਿਧਾਨ ਸਭਾ ਦੇ ਮਿਤੀ 6 ਮਾਰਚ, 2026 ਤੋਂ ਸ਼ੁਰੂ ਹੋ ਰਹੇ ਬਜਟ ਸੈਸ਼ਨ ਦੌਰਾਨ ਦੋ 4K Curved Shape LED Walls ਕਿਰਾਏ ਤੇ ਲਗਵਾਉਣ ਲਈ ਓਪਨ ਮਾਰਕੀਟਾਂ ਵਿੱਚੋਂ ਕੁਟੇਸ਼ਨਾਂ ਮੰਗਵਾਉਣ ਸਬੰਧੀ:**

**ਕੁਟੇਸ਼ਨਾਂ ਮੰਗਵਾਉਣ ਸਬੰਧੀ ਨਿਮਨ ਸ਼ਰਤਾਂ ਦਰਜ ਕਰ ਲਈਆਂ ਜਾਣ:**

1. ਵੈਂਡਰ Curved Shape Led Walls ਮਿਤੀ 05.03.2026 ਨੂੰ ਸ਼ਾਮ 5:00 ਵਜੇ ਤੱਕ ਹਰ ਹਾਲਤ ਵਿੱਚ ਹਾਊਸ ਵਿੱਚ ਇੰਸਟਾਲ ਕਰਕੇ ਅਤੇ ਉਨ੍ਹਾਂ ਨੂੰ ਐਕਟਿਵ ਕਰਨਾ ਯਕੀਨੀ ਬਣਾਏਗਾ।
2. ਸਕਰੀਨਾਂ ਨੂੰ ਵਿਧਾਨ ਸਭਾ ਪਹੁੰਚਾਉਣ ਲਈ ਟਰਾਂਸਪੋਰਟ ਚਾਰਜਿਜ਼ ਵੈਂਡਰ ਦੇ ਆਪਣੇ ਹੋਣਗੇ।
3. ਪੂਰੇ ਸੈਸ਼ਨ ਦੌਰਾਨ ਸਕਰੀਨਾਂ ਨੂੰ ਨਿਰਵਿਘਨ ਐਕਟੀਵੇਟ ਰੱਖਣ ਦੀ ਜ਼ਿੰਮੇਵਾਰੀ ਵੈਂਡਰ ਦੀ ਹੋਵੇਗੀ।
4. ਹਰ ਰੋਜ਼ ਸੈਸ਼ਨ ਸ਼ੁਰੂ ਹੋਣ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਇਹ ਸਕਰੀਨਾਂ ਐਕਟੀਵੇਟ ਹੋ ਜਾਣੀਆਂ ਚਾਹੀਦੀਆਂ ਹਨ।
5. ਵੀਡੀਓ ਵਾਲਜ਼ ਦੇ ਭੁਗਤਾਨ ਸਮੇਂ ਜੀ.ਐਸ.ਟੀ. ਸਰਕਾਰੀ ਹਦਾਇਤਾਂ ਮੁਤਾਬਿਕ ਪੰਜਾਬ ਰਾਜ ਵਿੱਚ ਪੇਅਏਬਲ ਹੋਣਾ ਚਾਹੀਦਾ ਹੈ।
6. ਵੈਂਡਰ ਦਾ ਸੈਸ਼ਨ ਦੌਰਾਨ ਘੱਟੋ-ਘੱਟ ਇੱਕ ਐਕਸਪਰਟ ਵਿਧਾਨ ਸਭਾ ਵਿੱਚ ਮੌਜੂਦ ਰਹੇਗਾ।
7. ਸਕਰੀਨਾਂ ਦਾ ਸਾਈਜ਼ 8 x 10 ਫੁੱਟ ਹੋਣਾ ਚਾਹੀਦਾ ਹੈ।
8. ਵੀਡੀਓ ਵਾਲਜ਼ ਨਿਰਵਿਘਨ ਐਕਟੀਵੇਟ ਰੱਖਣ ਦਾ ਰੈਂਟ ਡੇਲੀ ਬੇਸਿਸ ਤੇ ਹੋਵੇਗਾ। ਅਗਰ ਸੈਸ਼ਨ ਦੌਰਾਨ ਕੋਈ ਛੁੱਟੀ/off day ਆ ਜਾਂਦਾ ਹੈ ਤਾਂ ਉਸ ਦਿਨ ਦੇ ਚਾਰਜਿਜ਼ ਸ਼ਾਮਿਲ ਨਹੀਂ ਹੋਣਗੇ।
9. ਜਿਸ ਵੈਂਡਰ ਕੋਲ ਇਸ ਸਬੰਧੀ ਕਿਸੇ ਵੀ ਵਿਧਾਨ ਸਭਾ ਵਿੱਚ ਇਹ ਵੀਡੀਓ ਵਾਲਜ਼ ਲਗਾਉਣ ਦਾ ਤਜਰਬਾ ਹੋਵੇਗਾ ਅਤੇ ਉਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।

10. ਵੈਂਡਰ ਹਾਊਸ ਵਿੱਚ ਇਸ ਢੰਗ ਨਾਲ ਵੀਡੀਓ ਵਾਲਜ਼ ਲਗਾਏਗਾ ਜਿਸ ਨਾਲ ਗੈਲਰੀਆਂ ਵਿੱਚ ਬੈਠੇ ਵਿਅਕਤੀਆਂ ਨੂੰ ਹਾਊਸ ਦੇਖਣ ਵਿੱਚ ਕੋਈ ਪਰੇਸ਼ਾਨ ਨਾ ਆਵੇ।

11. ਵੈਂਡਰ ਨੂੰ ਪ੍ਰਤੀ ਦਿਨ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ ਅਤੇ ਜੇਕਰ ਸੈਸ਼ਨ ਦੇ ਦਿਨਾਂ ਵਿੱਚ ਵਾਧਾ ਜਾਂ ਘਾਟਾ ਹੁੰਦਾ ਹੈ ਤਾਂ ਉਸ ਮੁਤਾਬਿਕ ਹੀ ਅਦਾਇਗੀ ਕੀਤੀ ਜਾਵੇਗੀ।

ਕਿਉਂਕਿ ਸੈਸ਼ਨ ਵਿੱਚ ਸਮਾਂ ਬਹੁਤ ਘੱਟ ਹੈ, ਇਸ ਲਈ ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਦੀਆਂ ਕੁਟੇਸ਼ਨਾਂ ਮਿਤੀ 03.03.2026 ਨੂੰ 12:00 ਵਜੇ (ਦੁਪਹਿਰ) ਤੋਂ ਪਹਿਲਾਂ-ਪਹਿਲਾਂ ਸੀਲਬੰਦ ਲਿਫਾਫੇ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਪਹੁੰਚ ਜਾਣੀਆਂ ਚਾਹੀਦੀਆਂ ਹਨ। ਮਿਤੀ 03.03.2026 ਨੂੰ 2:00 ਵਜੇ (ਬਾਅਦ ਦੁਪਹਿਰ) ਸਕੱਤਰ ਜੀ ਦੇ ਕਮਰੇ ਵਿੱਚ ਇਹ ਕੁਟੇਸ਼ਨਾਂ ਖੋਲ੍ਹ ਦਿੱਤੀਆਂ ਜਾਣਗੀਆਂ। ਕੁਟੇਸ਼ਨਾਂ ਸਬੰਧੀ ਕੋਈ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦਾ ਰਾਖਵਾਂ ਹੋਵੇਗਾ।

**ਮਿਤੀ - 27.02.2026**

**ਸਕੱਤਰ**
**ਪੰਜਾਬ ਵਿਧਾਨ ਸਭਾ**